# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ।
2. ਸਮੂਹ ਸਕੂਲ ਮੁੱਖੀ, ਪੰਜਾਬ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ: ਡਿਪਟੀਐਸ.ਪੀ.ਡੀ (ਪੀ.ਈ.ਡੀ.ਬੀ)/2021/੨੩੫੧੬੫

ਮਿਤੀ: 09.07.2021

**ਵਿਸ਼ਾ: ਕਰਮਚਾਰੀਆਂ ਦਾ ਡਾਟਾ ਈ ਪੰਜਾਬ ਸਕੂਲ ਪੋਰਟਲ ਤੇ ਅਪਡੇਟ ਕਰਨ ਸਬੰਧੀ।**

ਹਵਾਲਾ: ਇਸ ਦਫਤਰ ਦਾ ਪੱਤਰ ਨੰ: ਡਿਪਟੀਐਸ.ਪੀ.ਡੀ (ਪੀ.ਈ.ਡੀ.ਬੀ)/2021/206697 ਮਿਤੀ: 30.06.2021 ਅਤੇ ਡਿਪਟੀਐਸ.ਪੀ.ਡੀ (ਪੀ.ਈ.ਡੀ.ਬੀ)/2021/212227, ਮਿਤੀ: 07.07.2021

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ ਸਿੱਖਿਆ ਵਿਭਾਗ ਅਧੀਨ ਕੰਮ ਕਰ ਰਹੇ ਸਮੂਹ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਦਾ ਈ ਪੰਜਾਬ ਸਕੂਲ ਪੋਰਟਲ ਤੇ ਮਿਤੀ 05.07.2021 ਤੱਕ ਅਪਡੇਟ ਕੀਤਾ ਜਾਣਾ ਸੀ ਅਤੇ ਉਸ ਉਪਰੰਤ ਇਹ ਡਾਟਾ ਮਿਤੀ 06.07.2021 ਤੋਂ 08.07.2021 ਤੱਕ ਸਬੰਧਤ ਡੀ.ਡੀ.ਓ/ਸਕੂਲ ਮੁੱਖੀ ਵਲੋਂ ਵੈਰੀਫਾਈ ਕੀਤਾ ਜਾਣਾ ਹੈ। ਕਈ ਅਧਿਆਪਕਾਂ ਵਲੋਂ ਦਫਤਰ ਨਾਲ ਸੰਪਰਕ ਕਰਕੇ ਇਹ ਧਿਆਨ ਵਿੱਚ ਲਿਆਂਦਾ ਹੈ ਕਿ ਸਕੂਲ ਮੁੱਖੀ ਵਲੋਂ ਡਾਟਾ ਵੈਰੀਫਾਈ ਕਰਨ ਸਮੇਂ ਬਦਲੀ ਲਈ ਯੋਗ ਨਾ ਹੋਣ ਦਾ ਇਤਰਾਜ ਲਗਾ ਕੇ ਡਾਟਾ ਵੈਰੀਫਾਈ ਨਹੀਂ ਕੀਤਾ ਜਾ ਰਿਹਾ।

2.0 ਆਪ ਨੂੰ ਲਿੱਖਿਆ ਗਿਆ ਸੀ ਕਿ ਸਿੱਖਿਆ ਵਿਭਾਗ ਅਧੀਨ ਕੰਮ ਕਰ ਰਹੇ ਸਮੂਹ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਦਾ ਡਾਟਾ ਵਿਭਾਗ ਵਲੋਂ ਈ ਪੰਜਾਬ ਸਕੂਲ ਪੋਰਟਲ ਤੇ ਅਪਡੇਟ ਕਰਵਾਇਆ ਜਾ ਰਿਹਾ ਹੈ ਅਤੇ ਇਸ ਡਾਟਾ ਦੀ ਵਰਤੋਂ ਬਦਲੀਆਂ ਤੋਂ ਇਲਾਵਾ ਵੱਖ ਵੱਖ ਮੰਤਵ ਲਈ ਵਿਭਾਗ ਵਲੋਂ ਸਮੇਂ ਸਮੇਂ ਤੇ ਕੀਤੀ ਜਾਂਦੀ ਹੈ, ਇਸ ਲਈ ਆਪ ਜੀ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਕੰਮ ਕਰ ਰਹੇ ਸਮੂਹ ਅਧਿਆਪਕ ਅਤੇ ਕਰਮਚਾਰੀ ਦਾ ਡਾਟਾ ਰਿਕਾਰਡ ਅਨੁਸਾਰ ਵੈਰੀਫਾਈ ਕੀਤਾ ਜਾਵੇ। ਜੇਕਰ ਕਿਸੇ ਅਧਿਆਪਕ/ਕਰਮਚਾਰੀ ਦੇ ਡਾਟਾ ਵਿੱਚ ਗਲਤੀ ਰਹਿ ਜਾਂਦੀ ਹੈ ਤਾਂ ਉਸ ਦੀ ਮੁਕੰਮਲ ਜਿੰਮੇਵਾਰੀ ਅਧਿਆਪਕ/ਕਰਮਚਾਰੀ ਅਤੇ ਡੀ.ਡੀ.ਓ/ਸਕੂਲ ਮੁੱਖੀ ਦੀ ਹੋਵੇਗੀ।

3.0 ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਡੀ.ਡੀ.ਓ/ ਸਕੂਲ ਮੁੱਖੀ ਵੱਲੋਂ ਈ-ਪੰਜਾਬ ਸਕੂਲ ਪੋਰਟਲ ਤੇ ਕੇਵਲ Data Verify ਕੀਤਾ ਜਾਣਾ ਹੈ। ਕਰਮਚਾਰੀਆਂ ਦਾ Data Verify ਕਰਨ ਦੀ ਅੰਤਿਮ ਮਿਤੀ ਵਿੱਚ ਮਿਤੀ 12.07.2021 ਤੱਕ ਵਾਧਾ ਕੀਤਾ ਜਾਂਦਾ ਹੈ।

ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)